## ਵਿਚਾਰ-ਚਰਚਾ

# ਅਮਲ ਵਿਚ ਸਿਧਾਂਤ ਦੀ ਭੂਮਿਕਾ

**ਗੁਰਸ਼ਰਨ ਸਿੰਘ**

ਇਸ ਵੇਲੇ ਮਾਰਕਸੀ ਚਿੰਤਕਾਂ ਅਤੇ ਖੱਬੀ ਧਿਰ ਦੇ ਸਰਗਰਮ ਕਾਰਕੁੰਨਾਂ ਅੱਗੇ ਵਿਚਾਰ ਪੱਖੋਂ ਬਹੁਤ ਸਾਰੇ ਚੈਲਿੰਜ ਹਨ। ਚੰਡੀਗੜ੍ਹ ਵਿਖੇ ਕਾਇਮ ਕੀਤੀ ਚੇਤਨਾ ਮੰਚ ਇਨ੍ਹਾਂ ਦੇ ਰੂ-ਬ-ਰੂ ਹੈ। ਪਿਛਲੇ ਇਕ ਸਾਲ ਵਿਚ ਚੇਤਨਾ ਮੰਚ ਵਲੋਂ ਜਿਹੜੇ ਸਮਾਗਮ ਕੀਤੇ ਗਏ, ਉਨ੍ਹਾਂ ਵਿਚ ਪ੍ਰੋ. ਰਣਧੀਰ ਸਿੰਘ, ਪ੍ਰੋ. ਹਰਕਿਸ਼ਨ ਸਿੰਘ ਮਹਿਤਾ ਅਤੇ ਹੋਰ ਬਹੁਤ ਸਾਰੇ ਬੁੱਧੀਜੀਵੀਆਂ ਨੇ ਹਿੱਸਾ ਲਿਆ। ਕੁੱਝ ਧਾਰਨਾਵਾਂ ਉੱਭਰ ਕੇ ਆਈਆਂ ਜਿਨ੍ਹਾਂ ਦਾ ਜਿਕਰ ਇੱਥੇ ਕੀਤਾ ਜਾ ਰਿਹਾ ਹੈ।

* ਕਾਰਲ ਮਾਰਕਸ ਦੀ ਸਾਰਿਆਂ ਨਾਲੋਂ ਸਾਰਥਕ ਲਿਖਤ ਉਹਦੀ ਕਿਤਾਬ 'ਕੈਪੀਟਲ' ਹੈ, ਜਿਸ ਵਿਚ ਉਸ ਨੇ ਸਰਮਾਏਦਾਰੀ ਸਿਸਟਮ ਦਾ ਵਿਸਥਾਰ ਨਾਲ ਨਿਰੀਖਣ ਕੀਤਾ ਹੈ। ਅੱਜ ਮਾਰਕਸੀ ਵਿਚਾਰਧਾਰਾ ਦੇ ਦੁਸ਼ਮਣ ਵੀ ਇਹ ਸਵੀਕਾਰ ਕਰਦੇ ਹਨ ਕਿ ਸਰਮਾਏਦਾਰੀ ਬਾਰੇ ਜੋ ਨਿਰੀਖਣ ਮਾਰਕਸ ਨੇ ਕੀਤਾ ਹੈ, ਉਸ ਤੋਂ ਵਧ ਕੇ ਵਿਗਿਆਨਿਕ ਨਿਰੀਖਣ ਹੋਰ ਕੋਈ ਨਹੀਂ। ਇਹ ਸਾਨੂੰ ਇਸ ਸਿਸਟਮ ਨੂੰ ਸਮਝਣ ਲਈ ਦਿਸ਼ਾ ਪ੍ਰਦਾਨ ਕਰਦਾ ਹੈ।

* ਮਾਰਕਸਵਾਦ ਇਕ ਸਮਾਜਕ ਵਿਗਿਆਨ ਹੈ। ਭੌਤਿਕ ਵਿਗਿਆਨ ਦੇ ਉਲਟ ਇਸ ਵਿਚ ਬਹੁਤ ਸਾਰੇ ਖੱਪੇ ਹਨ। ਉਹ ਭਰਨੇ ਜ਼ਰੂਰੀ ਹਨ। ਇਹ ਭਰਮ ਨਹੀਂ ਪਾਲਣਾ ਚਾਹੀਦਾ ਕਿ ਸਮਾਜ ਵਿਚ ਹਰ ਇਕ ਵਰਤਾਰੇ ਬਾਰੇ ਮਾਰਕਸਵਾਦ ਕੋਲ ਪਹਿਲਾਂ ਹੀ ਜਵਾਬ ਹੈ ਭਾਵੇਂ ਇਹ ਸੱਚ ਹੈ ਕਿ ਉਸ ਵਰਤਾਰੇ ਨੂੰ ਸਮਝਣ ਲਈ ਮਾਰਕਸਵਾਦ ਸਭ ਤੋਂ ਵੱਧ ਸਹਾਈ ਹੋ ਸਕਦਾ ਹੈ। * ਰੂਸ ਦੇ ਢਹਿ-ਢੇਰੀ ਹੋਣ ਤੋਂ ਬਾਅਦ ਮਾਰਕਸਵਾਦ ਦੇ ਦੁਸ਼ਮਣਾਂ ਨੇ ਇਹ ਫਤਵਾ ਦੇ ਦਿੱਤਾ ਕਿ ਮਾਰਕਸਵਾਦ ਜਾਂ ਕਮਿਊਨਿਸਟ ਸਿਧਾਂਤ ਹਮੇਸ਼ਾ ਲਈ ਖ਼ਤਮ ਹੋ ਗਿਆ ਹੈ। ਦੂਜੇ ਪਾਸੇ ਮਾਰਕਸਵਾਦੀਆਂ ਨੇ ਇਹ ਸਪੱਸ਼ਟਤਾ ਦੇਣੀ ਸ਼ੁਰੂ ਕਰ ਦਿੱਤੀ ਹੈ ਕਿ ਇਹ ਰੂਸ ਦੇ ਪ੍ਰਬੰਧਕੀ ਢਾਂਚੇ ਦੀ ਅਸਫ਼ਲਤਾ ਹੈ, ਇਹ ਮਾਰਕਸਵਾਦ ਦੀ ਅਸਫ਼ਲਤਾ ਨਹੀਂ। ਰੂਸ ਵਿਚ ਸਮਾਜਵਾਦ ਸਿਸਟਮ ਦਾ ਢਹਿ-ਢੇਰੀ ਹੋਣਾ ਡੂੰਘੇ ਨਿਰੀਖਣ ਦੀ ਲੋੜ ਨੂੰ ਸਾਬਤ ਕਰਦਾ ਹੈ। ਕੋਈ ਵੀ ਸਫ਼ਲਤਾ ਜਾਂ ਅਸਫ਼ਲਤਾ ਬਗ਼ੈਰ ਅੰਦਰੂਨੀ ਕਾਰਕਾਂ ਦੇ ਨਹੀਂ ਹੁੰਦੀ।

* ਥਿਊਰੀ ਜਾਂ ਸਿਧਾਂਤ ਹੀ ਅਮਲ (ਪ੍ਰੈਕਟਿਸ) ਨੂੰ ਸੇਧ ਦੇਂਦੀ ਹੈ। ਸਿਧਾਂਤਕ ਪੱਖ ਨੂੰ ਅਣਗੌਲਿਆਂ ਕਰਨ ਨਾਲ ਲਹਿਰ ਅੱਗੇ ਨਹੀਂ ਵਧ ਸਕਦੀ। * ਆਪਣੇ ਦੇਸ਼ ਦੀ ਗੱਲ ਕਰੀਏ ਤਾਂ ਸਮਕਾਲੀ ਹਾਲਾਤ ਵਿਚ ਕਮਿਊਨਿਸਟਾਂ ਨੂੰ ਹੋਰ ਧਿਰਾਂ ਦੇ ਸਾਥ ਦੀ ਲੋੜ ਹੈ ਪਰ ਇਹ ਨਾਲ-ਨਾਲ ਤੁਰਦਿਆਂ ਜ਼ਰੂਰੀ ਹੈ ਕਿ ਕਮਿਊਨਿਸਟਾਂ ਦੀ ਵੱਖਰੀ ਪਛਾਣ ਬਣੀ ਰਹੇ। ਇੱਕਠੇ ਤੁਰੋ, ਪਰ ਆਪਣੀ ਪਛਾਣ ਜ਼ਰੂਰ ਕਾਇਮ ਰੱਖੋ। ਕਮਿਊਨਿਸਟਾਂ ਦੀ ਪਛਾਣ ਸਮਾਜ ਦੀਆਂ ਜਮਾਤਾਂ ਉੱਤੇ ਅਧਾਰਤ ਸਿਆਸੀ ਨਿਰੀਖਣ ਹੈ। * ਫਿਰਕਾਪ੍ਰਸਤੀ ਦੇ ਵਿਰੋਧ ਵਿਚ ਕਮਿਊਨਿਸਟਾਂ ਦਾ ਸੰਘਰਸ਼ ਦੂਜੀਆਂ ਸੈਕੂਲਰ ਪਾਰਟੀਆਂ ਤੋਂ ਇਸ ਲਿਹਾਜ਼ ਨਾਲ ਵੱਖਰਾ ਹੋਵੇਗਾ ਕਿ ਕਮਿਊਨਿਸਟ ਇਸਨੂੰ ਜਮਾਤਾਂ ਤੇ ਅਧਾਰਤ ਸਿਸਟਮ ਦਾ ਹਿੱਸਾ ਸਮਝਦੇ ਹਨ ਅਤੇ ਫਿਰਕਾਪ੍ਰਸਤੀ ਵਿਰੋਧ ਦਾ ਸੰਘਰਸ਼ ਸਮੁੱਚੇ ਸਿਸਟਮ ਦੇ ਵਿਰੋਧ ਦੇ ਸੰਘਰਸ਼ ਦਾ ਇਕ ਹਿੱਸਾ ਹੈ। * ਬਹੁ-ਗਿਣਤੀ ਦੀ ਫਿਰਕਾਪ੍ਰਸਤੀ ਅਤੇ ਘੱਟ ਗਿਣਤੀ ਦੀ ਫਿਰਕਾਪ੍ਰਸਤੀ ਇਕ ਗੱਲ ਨਹੀਂ। ਪੰਜਾਬ ਵਿਚ ਬੀ.ਜੇ.ਪੀ. ਅਤੇ ਅਕਾਲੀਆਂ ਵਿਚ ਫ਼ਰਕ ਸਮਝਣਾ ਜ਼ਰੂਰੀ ਹੈ।

* ਜ਼ਮੀਨੀ ਸੁਧਾਰ ਕਮਿਊਨਿਸਟਾਂ ਦਾ ਇਸ ਦੇਸ਼ ਵਿਚ ਮੁੱਖ ਮੁੱਦਾ ਬਣਦਾ ਹੈ।

ਹੋਰ ਵੀ ਬਹੁਤ ਮੁੱਦੇ ਹਨ ਅਤੇ ਮਸਲੇ ਵੀ ਹਨ ਜਿਨ੍ਹਾਂ ਬਾਰੇ ਬੇਬਾਕ ਵਿਚਾਰ-ਵਟਾਂਦਰਾ ਜ਼ਰੂਰੀ ਹੈ। ਇਸ ਵੇਲੇ ਕਮਿਊਨਿਸਟ ਵਿਚਾਰਧਾਰਾ ਦੇ ਪੈਰੋਕਾਰ ਤਿੰਨ ਧਿਰਾਂ ਵਿਚ ਵੰਡੇ ਹੋਏ ਹਨ: ਸੀ.ਪੀ.ਐਮ., ਸੀ.ਪੀ.ਆਈ. ਅਤੇ ਸੀ.ਪੀ.ਆਈ.ਐਮ.ਐੱਲ. (ਨਕਸਲਬਾੜੀ)। ਇਨ੍ਹਾਂ ਦੀ ਬੁਨਿਆਦੀ ਸੋਚ ਵਿਚ ਵੀ ਵਖਰੇਵੇਂ ਹਨ। ਚੇਤਨਾ ਮੰਚ ਵਲੋਂ 8-9-10 ਅਕਤੂਬਰ ਨੂੰ 'ਕਮਿਊਨਿਸਟਾਂ ਅੱਗੇ ਅੱਜ ਦੀ ਸਥਿਤੀ ਵਿਚ ਚੈਲਿੰਜ' ਦੇ ਵਿਸ਼ੇ 'ਤੇ ਇਕ ਵਿਚਾਰ-ਚਰਚਾ ਕੀਤੀ ਜਾ ਰਹੀ ਹੈ। ਇਸ ਵਿਚ ਮਾਰਕਸਵਾਦ ਨਾਲ ਜੁੜੇ ਚਿੰਤਕ ਅਤੇ ਪਾਰਟੀਆਂ ਨਾਲ ਜੁੜੇ ਸਰਗਰਮ ਕਾਰਕੁੰਨਾਂ ਨੂੰ ਸੱਦਾ ਦਿੱਤਾ ਜਾ ਰਿਹਾ ਹੈ ਅਤੇ ਇਕ ਫੋਰਮ ਮੁਹੱਈਆ ਕੀਤਾ ਜਾਇਗਾ ਕਿ ਉਹ ਬੈਠ ਕੇ ਖੁੱਲ੍ਹੇ ਸਮੇਂ ਵਿਚ ਵਿਚਾਰ-ਵਟਾਂਦਰਾ ਕਰਨ। ਸੰਪਰਕ ਲਈ ਚੇਤਨਾ ਮੰਚ ਦਾ ਪਤਾ 1245/43-ਬੀ, ਚੰਡੀਗੜ੍ਹ, ਫੋਨ-602995 ਹੈ। ਇਹੋ ਜਿਹਾ ਵਿਚਾਰ-ਵਟਾਂਦਰਾ ਅੱਜ ਸਮੇਂ ਦੀ ਲੋੜ ਹੈ।